# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/18041-057
ਮਿਤੀ,ਚੰਡੀਗੜ੍ਹ 11-03-2011

ਵਿਸ਼ਾ :- ਨੌਵੀਂ ਜਮਾਤ ਦੇ ਪਾਸ ਫਾਰਮੂਲੇ ਸਬੰਧੀ।

ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ:ਸਸਅ/ਐਮਸੀ/2010/72891-911
ਮਿਤੀ ,ਚੰਡੀਗੜ੍ਹ 01-12-2010 ਦੀ ਲਗਾਤਾਰਾ ਵਿੱਚ।

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਤੇ ਫੀਲਡ ਵਿੱਚੋਂ ਬਾਰ-ਬਾਰ ਆ ਰਹੀ ਮੰਗ ਨੂੰ ਮੱਦੇ ਨਜ਼ਰ ਰੱਖਦੇ ਹੋਏ ਨੌਵੀਂ ਜਮਾਤ ਲਈ ਪਾਸ ਫਾਰਮੂਲੇ ਲਈ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਜਿਸ ਮੁਤਾਬਿਕ, ਨੌਵੀਂ ਜਮਾਤ ਦੀ ਸਮੈਸਟਰ ਸਕੀਮ ਅਧੀਨ ਦੋਵਾਂ ਸਮੈਸਟਰਾਂ ਵਿੱਚ ਪ੍ਰਾਪਤ ਅੰਕਾਂ ਨੂੰ ਵਿਸ਼ਾ ਵਾਈਜ਼ ਜੋੜਨ ਉਪਰੰਤ ਵੱਧ ਤੋਂ ਵੱਧ ਦੋ ਵਿਸ਼ਿਆਂ ਵਿੱਚ ਪਾਸ ਹੋਣ ਲਈ 15 ਅੰਕਾਂ ਤੱਕ ਗ੍ਰੇਸ ਦਿੱਤੀ ਜਾ ਸਕਦੀ ਹੈ। ਬਸ਼ਰਤੇ ਉਨ੍ਹਾਂ ਵਿਸ਼ਿਆਂ ਵਿੱਚ ਵਿਦਿਆਰਥੀਆਂ ਵੱਲੋਂ ਘੱਟੋ-ਘੱਟ ਅੰਕ 25% ਜਾਂ 25% ਤੋਂ ਵੱਧ ਪ੍ਰਤੀਵਿਸ਼ਾ ਅੰਕ ਲਏ ਹੋਣ।

3.0 ਆਪ ਦੀ ਜਾਣਕਾਰੀ ਲਈ ਦੁਬਾਰਾ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਮਾਤ ਛੇਵੀਂ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੀਆਂ ਨਾਨ-ਬੋਰਡ ਦੀਆਂ ਜਮਾਤਾਂ ਛੇਵੀਂ, ਸੱਤਵੀਂ, ਅੱਠਵੀਂ ਅਤੇ ਨੌਵੀਂ ਜਮਾਤ ਲਈ ਪਿਛਲੇ ਸਾਲ ਦੇ ਪਾਸ ਫਾਰਮੂਲੇ 60 **+ 40** ਮੁਤਾਬਿਕ ਨਤੀਜਾ ਬਣਾਇਆ ਜਾਵੇਗਾ ਅਤੇ ਇਸ 60 **+ 40** ਦੇ ਵੇਟੇਜ਼ ਫਾਰਮੂਲੇ ਮੁਤਾਬਿਕ ਜਮਾਤ ਛੇਵੀਂ ਤੋਂ ਅੱਠਵੀਂ ਤੱਕ ਜਮਾਤਾਂ ਲਈ ਮਹੀਨਾਵਾਰ ਟੈਸਟਾਂ ਲਈ

ਚਲਦਾ ਪੰਨਾ ...........

15% ਵੇਟੇਜ਼, ਸਤੰਬਰ ਪ੍ਰੀਖਿਆ ਲਈ 7.5 ਪ੍ਰਤੀਸ਼ਤ, ਦਸੰਬਰ ਪ੍ਰੀਖਿਆ ਲਈ 7.5 ਪ੍ਰਤੀਸ਼ਤ ਅਤੇ 10 ਅੰਕਾਂ ਵਿੱਚੋਂ ਹੋਮਵਰਕ ਅਤੇ ਪ੍ਰੋਜੈਕਟ ਦੇ ਮੁਲਾਂਕਣ ਤੋਂ ਬਾਅਦ ਸਲਾਨਾ ਪ੍ਰੀਖਿਆ ਵਿੱਚ ਵਿਦਿਆਰਥੀਆਂ ਵੱਲੋਂ ਪ੍ਰਾਪਤ ਅੰਕਾਂ ਦਾ 60 ਵਿੱਚ ਮੁਲਾਂਕਣ ਕਰਨਾ ਹੋਵੇਗਾ ਅਤੇ ਨੌਵੀਂ ਜਮਾਤ  ਲਈ ਮਹੀਨਾਵਾਰ ਟੈਸਟਾਂ ਦੀ ਵੇਟੇਜ਼ ਹਰ ਸਮੈਸਟਰ ਵਿੱਚੋਂ 30% ਅਤੇ 10 ਅੰਕਾਂ ਵਿੱਚ ਹੋਮਵਰਕ ਅਤੇ ਪ੍ਰੋਜ਼ੈਕਟ ਲਈ ਅਤੇ ਇਸੇ ਤਰ੍ਹਾਂ ਦੂਸਰੇ ਸਮੈਸਟਰ ਲਈ ਮੁਲਾਂਕਣ ਤੋਂ ਬਾਅਦ ਦੋਵਾਂ ਸਮੈਸਟਰਾਂ ਵਿੱਚ ਪ੍ਰਾਪਤ ਅੰਕਾਂ ਦਾ 50% ਕੱਢਿਆ ਜਾਵੇਗਾ ਅਤੇ ਉਨ੍ਹਾਂ ਨੂੰ ਜੋੜਨ ਤੋਂ ਬਾਅਦ 100 ਵਿੱਚੋਂ ਵਿਦਿਆਰਥੀ ਕਿੰਨੇ ਅੰਕ ਪ੍ਰਾਪਤ ਕਰਦਾ ਹੈ ਤਾਂ ਸਾਲਾਨਾ ਨਤੀਜਾ ਤਿਆਰ ਹੋਵੇਗਾ।

3.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ